# ਪ੍ਰੈਸ ਨੋਟ

ਮਾਨਯੋਗ ਸੀਨੀਅਰ ਪੁਲਿਸ ਕਪਤਾਨ ਸ੍ਰੀ Dhruman H Nimbale, IPS ਜੀ ਦੇ ਦਿਸ਼ਾ ਨਿਰਦੇਸ਼ ਮੁਤਾਬਿਕ ਸ੍ਰੀ ਮੁਖਤਿਆਰ ਰਾਏ ਪੀ.ਪੀ.ਐਸ, ਪੁਲਿਸ ਕਪਤਾਨ/ਤਫਤੀਸ਼ ਹੁਸ਼ਿਆਰਪੁਰ, ਅਤੇ ਸ੍ਰੀ ਪ੍ਰੇਮ ਸਿੰਘ ਪੀ.ਪੀ.ਐੱਸ, ਉਪ-ਕਪਤਾਨ ਪੁਲਿਸ ਸਿਟੀ/ਹੁਸ਼ਿਆਰਪੁਰ ਜੀ ਦੀ ਯੋਗ ਅਗਵਾਈ ਹੇਠ ਥਾਣਾ ਸਦਰ ਹੁਸ਼ਿਆਰਪੁਰ ਦੇ ਮੁੱਖ ਅਫਸਰ ਐੱਸ.ਆਈ ਸੁਰਜੀਤ ਸਿੰਘ ਪੱਡਾ ਦੀ ਹਸਬ ਹਦਾਇਤ ਅਨੁਸਾਰ ਏ.ਐਸ.ਆਈ. ਜਸਵੀਰ ਸਿੰਘ ਥਾਣਾ ਸਦਰ ਵਲੋਂ ਵਲੋਂ ਮਿਤੀ 26-03-2022 ਨੂੰ ਰਾਕੇਸ਼ ਕੁਮਾਰ ਪੁੱਤਰ ਸਾਧੂ ਰਾਮ ਵਾਸੀ ਸ਼ਕਤੀ ਨਗਰ ਥਾਣਾ ਸਿਟੀ ਹੁਸ਼ਿਆਰਪੁਰ ਨੇ ਬਿਆਨ ਤਹਿਰੀਰ ਕਰਵਾਇਆ ਕਿ "ਉਸਨੇ ਵੀਨਾ ਵੈਲੀ ਕਲੋਨੀ ਸਲਵਾੜਾ ਵਿਖੇ ਕੋਠੀ ਬਣਾਈ ਹੋਈ ਹੈ ਜੋ ਕਲੋਨੀ ਦੇ ਚਾਰੇ ਪਾਸੇ ਚਾਰਦਵਾਰੀ ਕੀਤੀ ਹੋਈ ਹੈ ਜਿਸ ਦੇ ਉੱਪਰ ਲੋਹੇ ਦੀਆ ਗਰਿੱਲਾ ਪਿਛਲੇ ਕਰੀਬ 6/7 ਦਿਨ ਤੋ ਚੋਰੀ ਹੋ ਰਹੀਆ ਸਨ,ਜਿਸ ਸਬੰਧੀ ਉਸਨੇ ਆਪਣੇ ਤੋਰ ਤੇ ਭਾਲ ਸ਼ੁਰੂ ਕੀਤੀ ਤਾ ਪਤਾ ਲੱਗਾ ਕਿ ਲੋਹੇ ਦੀਆ ਗਰਿੱਲਾ ਵਿਕੀ ਕੁਮਾਰ ਉਰਫ ਵਿੱਕੀ ਪੁੱਤਰ ਮਹਿੰਦਰਪਾਲ ਡਬਲ ਸਟੋਰੀ ਕੁਆਟਰ ਪੁਲਿਸ ਲਾਈਨ ਹੁਸ਼ਿਆਰਪੁਰ ਅਤੇ ਸਾਹਿਲ ਪੁੱਤਰ ਸੁਭਾਸ਼ ਕੁਮਾਰ ਵਾਸੀ ਸਿਵਲ ਲਾਈਨ ਨਜਦੀਕ ਚਰਚ ਥਾਣਾ ਸਿਟੀ ਹੁਸ਼ਿਆਰਪੁਰ ਨੇ ਰਲ ਕੇ ਚੋਰੀ ਕੀਤੀਆ ਹਨ ਅਤੇ ਗਰਿੱਲਾ ਨੂੰ ਤੋੜ ਕੇ ਐਕਟਿਵਾ ਪੀ.ਬੀ-07-ਬੀ ਕੇ- 7618 ਪਰ ਲੈ ਜਾਦੇ ਹਨ" ਜਿਸ ਦੇ ਬਿਆਨ ਦੇ ਆਧਾਰ ਤੇ ਵਿੱਕੀ ਕੁਮਾਰ ਅਤੇ ਸਾਹਿਲ ਉਕਤਾ ਖਿਲਾਫ ਮੁਕੱਦਮਾ ਨੰਬਰ 36 ਮਿਤੀ 26-03-2022 ਅ/ਧ 379 ਭ:ਦ: ਥਾਣਾ ਸਦਰ ਹੁਸ਼ਿਆਰਪੁਰ ਦਰਜ ਰਜਿਸਟਰ ਕੀਤਾ ਜੋ ਤਫਤੀਸ਼ ਆਰੰਭ ਕੀਤੀ ਗਈ ਸੀ ਜੋ ਦੋਰਾਨੇ ਤਫਤੀਸ਼ ਕੱਲ ਹੀ ਮਿਤੀ 26-03-2022 ਨੂੰ ਥਾਣਾ ਸਦਰ ਹੁਸ਼ਿਆਰਪੁਰ ਦੀ ਪੁਲਿਸ ਨੂੰ ਵੱਡੀ ਕਾਮਯਾਬੀ ਪ੍ਰਾਪਤ ਹੋਈ ਜਦ ਦੋਸ਼ੀ ਵਿੱਕੀ ਕੁਮਾਰ ਉਰਫ ਵਿੱਕੀ ਪੁੱਤਰ ਮਹਿੰਦਰਪਾਲ ਵਾਸੀ ਡਬਲ ਸਟੋਰੀ ਕੁਆਟਰ ਪੁਲਿਸ ਲਾਈਨ ਹੁਸ਼ਿਆਰਪੁਰ ਦੀ ਲੁਕਣ ਵਾਲੀ ਵਾਲੀ ਜਗਾ ਦਾ ਪਤਾ ਕਰਕੇ ਉਸ ਨੂੰ ਹਸਬ ਜਾਬਤਾ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ,ਜਿਸ ਪਾਸੋ ਚੋਰੀ ਕੀਤੀ ਇੱਕ ਗਰਿੱਲ ਲੋਹਾ ਅਤੇ ਇੱਕ ਪਾਬਾ ਗਰਿੱਲ ਲੋਹਾ ਤੇ ਵਾਰਦਾਤ ਨੂੰ ਅੰਜਾਮ ਦਿੰਦੇ ਵਰਤੀ ਐਕਟਿਵਾ ਪੀ.ਬੀ-07-ਬੀ ਕੇ- 7618 ਬ੍ਰਾਮਦ ਕੀਤੀ ਜਾ ਚੁੱਕੀ ਹੈ,ਵਿੱਕੀ ਕੁਮਾਰ ਉਰਫ ਵਿੱਕੀ ਉਕਤ ਦਾ ਪੁਲਿਸ ਰਿਮਾਂਡ ਹਾਸਲ ਕਰਕੇ ਡੂੰਘਾਈ ਨਾਲ ਪੁੱਛਗਿਛ ਕੀਤੀ ਜਾਵੇਗੀ ।